NHS

# ਪੇਸ਼ੈਂਟ ਚੌਇਸ

# ਆਪਣਾ ਹਸਪਤਾਲ ਚੁਣਨਾ

## ਜੇ ਤੁਹਾਡਾ GP ਤੁਹਾਨੂੰ ਕਿਸੇ ਮਾਹਰ ਕੋਲ ਭੇਜਦਾ ਹੈ, ਤਾਂ ਆਮ ਤੌਰ 'ਤੇ ਤੁਹਾਡੇ ਕੋਲ ਇਹ ਚੁਣਨ ਦਾ ਅਧਿਕਾਰ ਹੁੰਦਾ ਹੈ ਕਿ ਤੁਸੀਂ ਕਿਸ ਹਸਪਤਾਲ ਵਿੱਚ ਜਾਂਦੇ ਹੋ।

ਤੁਸੀਂ ਆਪਣੇ ਇਲਾਕੇ ਵਿੱਚ – ਜਾਂ ਜੇ ਤੁਸੀਂ ਚਾਹੋ ਤਾਂ ਕਿਤੇ ਦੂਰ – ਹਸਪਤਾਲ ਚੁਣ ਸਕਦੇ ਹੋ। ਤੁਸੀਂ ਇੱਕ ਸੁਤੰਤਰ ਹਸਪਤਾਲ ਵੀ ਚੁਣ ਸਕਦੇ ਹੋ, ਜੇ ਉਹ NHS ਲਈ ਸੇਵਾਵਾਂ ਪ੍ਰਦਾਨ ਕਰਦਾ ਹੈ।

ਤੁਹਾਨੂੰ ਆਪਣਾ ਹਸਪਤਾਲ ਚੁਣਨ ਦਾ ਅਧਿਕਾਰ ਹੈ, ਪਰ ਜੇ ਤੁਸੀਂ ਚਾਹੋ, ਤਾਂ ਤੁਸੀਂ ਆਪਣੇ GP ਨੂੰ ਫੈਸਲਾ ਲੈਣ ਵਿੱਚ ਤੁਹਾਡੀ ਮਦਦ ਕਰਨ ਲਈ ਆਖ ਸਕਦੇ ਹੋ।

## ਚੋਣ ਦੇ ਲਾਭ

ਆਪਣੀ ਦੇਖਭਾਲ ਲਈ ਕਿੱਥੇ ਜਾਣਾ ਹੈ, ਇਹ ਚੋਣ ਕਰਨ ਨਾਲ ਤੁਹਾਨੂੰ ਉਹਨਾਂ ਚੀਜ਼ਾਂ ਦੇ ਆਧਾਰ 'ਤੇ ਸਿਹਤ ਅਤੇ ਦੇਖਭਾਲ ਦੇ ਫੈਸਲੇ ਲੈਣ ਵਿੱਚ ਮਦਦ ਮਿਲਦੀ ਹੈ ਜੋ ਤੁਹਾਡੇ ਲਈ ਮਹੱਤਵਪੂਰਨ ਹਨ। ਇਹਨਾਂ ਵਿੱਚ ਇਹ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ:

- **ਵੇਟਿੰਗ ਦੇ ਸਮੇਂ** - ਤੁਸੀਂ ਆਪਣੇ ਇਲਾਕੇ ਤੋਂ ਬਾਹਰ ਦਾ ਕੋਈ ਹਸਪਤਾਲ ਚੁਣ ਸਕਦੇ ਹੋ ਜੇ ਉਹ ਤੁਹਾਨੂੰ ਜਲਦੀ ਦੇਖ ਸਕਦੇ ਹਨ।
- **ਸਹੂਲਤ** - ਤੁਸੀਂ ਆਪਣੀ ਰਿਹਾਇਸ਼ ਜਾਂ ਕੰਮ ਦੇ ਨੇੜੇ ਦਾ ਕੋਈ ਹਸਪਤਾਲ ਚੁਣ ਸਕਦੇ ਹੋ, ਜੇ ਇਸ ਨਾਲ ਅਪਾਇੰਟਮੈਂਟਾਂ 'ਤੇ ਜਾਣਾ ਸੌਖਾ ਹੋ ਜਾਂਦਾ ਹੈ।
- **ਪਰਿਵਾਰ ਜਾਂ ਦੋਸਤਾਂ ਦੇ ਨੇੜੇ** - ਤੁਸੀਂ ਆਪਣੇ ਪਰਿਵਾਰ ਅਤੇ ਦੋਸਤਾਂ ਦੇ ਨੇੜੇ ਦਾ ਕੋਈ ਹਸਪਤਾਲ ਚੁਣ ਸਕਦੇ ਹੋ, ਤਾਂ ਜੋ ਉਹ ਤੁਹਾਡੇ ਇਲਾਜ ਅਤੇ ਰਿਕਵਰੀ ਦੌਰਾਨ ਤੁਹਾਡੀ ਸਹਾਇਤਾ ਕਰ ਸਕਣ।
- **ਸਿਫ਼ਾਰਸ਼ਾਂ** - ਤੁਸੀਂ ਗੁਣਵੱਤਾ ਰੇਟਿੰਗਾਂ, ਸਮੀਖਿਆਵਾਂ, ਨਿੱਜੀ ਅਨੁਭਵ ਜਾਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਹਸਪਤਾਲ ਦੀ ਚੋਣ ਕਰ ਸਕਦੇ ਹੋ।

## ਪੇਸ਼ੈਂਟ ਚੌਇਸ ਕਿਵੇਂ ਕੰਮ ਕਰਦੀ ਹੈ

**ਪੜਾਅ 1:**

ਤੁਹਾਨੂੰ ਕੋਈ ਸਿਹਤ ਸੰਬੰਧੀ ਦਿੱਕਤ ਹੈ ਅਤੇ ਤੁਸੀਂ ਆਪਣੇ GP ਨੂੰ ਮਿਲਦੇ ਹੋ, ਜੋ ਤੁਹਾਨੂੰ ਕਿਸੇ ਮਾਹਰ ਨੂੰ ਮਿਲਣ ਦੀ ਸਲਾਹ ਦਿੰਦਾ ਹੈ। ਤੁਹਾਡਾ GP ਤੁਹਾਡੇ ਅਤੇ ਤੁਹਾਡੀ ਸਥਿਤੀ ਲਈ ਢੁਕਵੀਆਂ ਸੇਵਾਵਾਂ ਲੱਭਦਾ ਹੈ।

**ਪੜਾਅ 2:**

ਤੁਹਾਡੀ GP ਪ੍ਰੈਕਟਿਸ ਤੁਹਾਡੀ ਸਥਿਤੀ ਅਤੇ ਤੁਹਾਡੇ ਲਈ ਕੀ ਮਹੱਤਵਪੂਰਨ ਹੈ ਦੇ ਆਧਾਰ 'ਤੇ, ਢੁਕਵੇਂ ਪ੍ਰਦਾਤਾਵਾਂ ਦੀ ਇੱਕ ਛੋਟੀ ਸੂਚੀ ਬਣਾਉਣ ਵਿੱਚ ਤੁਹਾਡੀ ਮਦਦ ਕਰੇਗੀ। ਜੇ ਤੁਸੀਂ ਪਹਿਲਾਂ ਹੀ ਜਾਣਦੇ ਹੋ ਕਿ ਤੁਸੀਂ ਕਿੱਥੇ ਜਾਣਾ ਚਾਹੁੰਦੇ ਹੋ, ਤਾਂ ਤੁਹਾਨੂੰ ਤੁਹਾਡੀ GP ਪ੍ਰੈਕਟਿਸ ਦੁਆਰਾ ਤੁਰੰਤ ਰੈਫਰ ਕੀਤਾ ਜਾ ਸਕਦਾ ਹੈ। ਜੇ ਤੁਸੀਂ ਫੈਸਲਾ ਕਰਨ ਲਈ ਹੋਰ ਸਮਾਂ ਚਾਹੁੰਦੇ ਹੋ, ਤਾਂ ਤੁਹਾਡੀ GP ਪ੍ਰੈਕਟਿਸ ਤੁਹਾਨੂੰ ਇੱਕ ਪੱਤਰ ਦੇਵੇਗੀ, ਜਾਂ ਤੁਹਾਨੂੰ ਈਮੇਲ ਜਾਂ ਟੈਕਸਟ ਸੁਨੇਹਾ ਭੇਜੇਗੀ, ਜਿਸ ਵਿਚ ਇੱਕ ਵੈੱਬਸਾਈਟ ਦਾ ਲਿੰਕ ਹੋਵੇਗਾ ਜਿੱਥੇ ਤੁਸੀਂ ਬਾਅਦ ਵਿੱਚ ਚੋਣ ਕਰਕੇ ਪੁਸ਼ਟੀ ਕਰ ਸਕਦੇ ਹੋ।

**ਪੜਾਅ 3:**

- ਜੇਕਰ ਤੁਹਾਨੂੰ ਆਪਣੀ GP ਪ੍ਰੈਕਟਿਸ ਤੋਂ ਲਿੰਕ ਮਿਲਿਆ ਹੈ, ਤਾਂ ਤੁਸੀਂ ਆਪਣੀ ਚੋਣ ਔਨਲਾਈਨ ਕਰ ਸਕਦੇ ਹੋ
- ਜਾਂ ਤੁਸੀਂ NHS ਐਪ ਦੀ ਵਰਤੋਂ ਕਰਕੇ ਆਪਣੀ ਚੋਣ ਕਰ ਸਕਦੇ ਹੋ
- ਜਾਂ ਤੁਸੀਂ **ਨੈਸ਼ਨਲ ਰੈਫਰਲ ਹੈਲਪਲਾਈਨ ਨੂੰ 0345 608 8888** 'ਤੇ ਫੋਨ ਕਰ ਸਕਦੇ ਹੋ।

**ਪੜਾਅ 4:**

ਜੇਕਰ ਤੁਹਾਡੇ ਚੁਣੇ ਹੋਏ ਹਸਪਤਾਲ ਨਾਲ ਅਪਾਇੰਟਮੈਂਟ ਔਨਲਾਈਨ ਉਪਲਬਧ ਨਹੀਂ ਹੈ, ਤਾਂ ਤੁਹਾਡਾ ਚੁਣਿਆ ਹੋਇਆ ਹਸਪਤਾਲ ਅਪਾਇੰਟਮੈਂਟ ਉਪਲਬਧ ਹੋਣ ਦੀ ਮਿਤੀ ਅਤੇ ਸਮੇਂ ਦੇ ਨਾਲ ਸਿੱਧਾ ਤੁਹਾਡੇ ਨਾਲ ਸੰਪਰਕ ਕਰੇਗਾ।

ਆਪਣੇ ਹਸਪਤਾਲ ਦੀ ਚੋਣ ਕਰਦੇ ਸਮੇਂ, ਇਹ ਯਾਦ ਰੱਖਣਾ ਮਹੱਤਵਪੂਰਨ ਹੁੰਦਾ ਹੈ ਕਿ ਤੁਹਾਨੂੰ ਕਈ ਅਪਾਇੰਟਮੈਂਟਾਂ ਲਈ ਜਾਣਾ ਪੈ ਸਕਦਾ ਹੈ।

## ਹੋਰ ਜਾਣਕਾਰੀ ਲਈ ਕਿੱਥੇ ਜਾਣਾ ਹੈ

ਪੇਸ਼ੈਂਟ ਚੌਇਸ ਬਾਰੇ ਹੋਰ ਜਾਣਨ ਲਈ, QR ਕੋਡ ਦੀ ਵਰਤੋਂ ਕਰੋ ਜਾਂ ਇਸ ਵੈੱਬਸਾਈਟ 'ਤੇ **ਜਾਓ: www.nhs.uk/patientchoice**

ਤੁਸੀਂ **www.myplannedcare.nhs.uk** 'ਤੇ ਵੇਟਿੰਗ ਸਮੇਂ ਅਤੇ ਕੇਅਰ ਕੁਆਲਿਟੀ ਕਮੀਸ਼ਨ ਦੀਆਂ ਰੇਟਿੰਗਾਂ ਦੇ ਅਧਾਰ 'ਤੇ ਪੂਰੇ ਇੰਗਲੈਂਡ ਦੇ  ਹਸਪਤਾਲਾਂ ਦੀ ਤੁਲਨਾ ਕਰ ਸਕਦੇ ਹੋ।

ਇਸ ਵੈੱਬਸਾਈਟ ਵਿੱਚ NHS ਪ੍ਰਦਾਤਾਵਾਂ ਅਤੇ ਸੁਤੰਤਰ ਖੇਤਰ ਦੇ ਉਹਨਾਂ ਸਿਹਤ ਸੰਗਠਨਾਂ ਬਾਰੇ ਜਾਣਕਾਰੀ ਸ਼ਾਮਲ ਹੈ ਜੋ NHS ਸੇਵਾਵਾਂ ਪ੍ਰਦਾਨ ਕਰਦੇ ਹਨ।

ਜੇਕਰ ਤੁਹਾਡੇ ਕੋਲ ਇੰਟਰਨੈੱਟ ਦੀ ਸਹੂਲਤ ਨਹੀਂ ਹੈ, ਤਾਂ ਤੁਸੀਂ ਆਪਣੇ ਹਸਪਤਾਲ ਨੂੰ ਚੁਣਨ ਅਤੇ ਪੁਸ਼ਟੀ ਕਰਨ ਵਿੱਚ ਮਦਦ ਲਈ **ਨੈਸ਼ਨਲ ਰੈਫਰਲ ਹੈਲਪਲਾਈਨ** ਨੂੰ **0345 608 8888** 'ਤੇ ਕਾਲ ਕਰ ਸਕਦੇ ਹੋ।